ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ.ਫੇਜ -8 ਐਸ.ਏ.ਐਸ ਨਗਰ
(ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਪੰਜਾਬ।
ਈ.ਫਾਈਲ ਪੱਤਰ ਨੰ. 282693/ਸਪੋਰਟਸ/71215
ਮਿਤੀ ਸ.ਅ.ਸ ਨਗਰ:-16-03-2026

ਵਿਸ਼ਾ:- ਅੱਠਵੀਂ,ਦਸਵੀ,ਬਾਰਵੀਂ ਜਮਾਤ ਦੇ ਜੇਤੂ ਖਿਡਾਰੀਆਂ ਨੂੰ ਖੇਡ ਅੰਕ ਦੇਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਖੇਡ ਸੰਚਾਲਨ ਨੀਤੀ 2023 ਅੱਠਵੀਂ ਦਸਵੀ,ਬਾਰਵੀਂ ਜਮਾਤ ਦੇ 69ਵੀਆਂ ਅੰਤਰ ਜਿਲਾ ਸਕੂਲ ਖੇਡਾਂ ਅਤੇ ਨੈਸ਼ਨਲ ਸਕੂਲ ਖੇਡਾਂ 2025-26 ਦੇ ਜੇਤੂ ਖਿਡਾਰੀਆਂ ਨੂੰ ਵਾਧੂ ਖੇਡ ਅੰਕ (ਖੇਡ ਨੀਤੀ 2023 ਦੇ ਪੰਨਾਂ ਨੰ: 26 ਦੇ 15.0) ਹੇਠ ਲਿਖੇ ਅਨੁਸਾਰ ਦਿੱਤੇ ਜਾਣੇ ਹਨ:-

| ਲੜੀ ਨੰ | ਖੇਡਾਂ ਦਾ ਪੱਧਰ | ਪੁਜੀਸ਼ਨ | ਅੰਕ |
|---|---|---|---|
| 1 | ਨੈਸ਼ਨਲ | ਪਹਿਲੀ | 25 |
| 2 | | ਦੂਜੀ | 22 |
| 3 | | ਤੀਜੀ | 19 |
| 4 | | ਪਾਰਟੀਸੀਪੇਸ਼ਨ | 15 |
| 5 | ਸਟੇਟ | ਪਹਿਲੀ | 15 |
| 6 | | ਦੂਜੀ | 12 |
| 7 | | ਤੀਜੀ | 09 |

ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ 69 ਵੀਆਂ ਅੰਤਰ ਜਿਲਾ ਸਕੂਲ ਖੇਡਾਂ 2025-26ਦੇ ਜੇਤੂ ਖਿਡਾਰੀਆਂ ਦੀ ਸੂਚਨਾਂ Sports Marks Entry ਪੋਰਟਲ ਵਿੱਚ ਆਪ ਵਲੋਂ ਭਰੀ ਜਾਵੇਗੀ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਜਿਸ ਪੋਰਟਲ ਤੇ ਪੇਪਰਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆ ਜਾਂਦੀਆਂ ਹਨ, ਉਸੇ ਪੋਰਟਲ ਵਿੱਚ ਹੀ ਵਿਦਿਅਰਥੀਆਂ ਦੇ ਵਾਧੂ ਖੇਡ ਅੰਕਾਂ ਦੀ ਸੂਚਨਾਂ ਭਰੀ ਜਾਣੀ ਹੈ। ਇਸ ਵਿੱਚ ਜਿਲਾ ਸਿਖਿਆ ਅਫਸਰਾਂ ਨੂੰ ਪਹਿਲਾਂ ਜਾਰੀ ਕੀਤਾ User Name and Password ਹੀ ਰਹੇਗਾ।

ਈ ਫਾਈਲ ਪੱਤਰ ਨੰ 647484/ਸਪੋਰਟਸ/57061 ਸਅਸ ਨਗਰ ਮਿਤੀ 02-03-2026 ਨੂੰ ਦਫਤਰ ਵਲੋਂ ਭੇਜੇ ਗਏ ਪੱਤਰ ਅਨੁਸਾਰ ਨੈਸ਼ਨਲ ਦਾ ਡਾਟਾ ਅਗ੍ਰੇਜ਼ੀ ਵਿੱਚ ਐਕਸਲ ਸ਼ੀਟ ਤੇ ਕਲਾਸ ਵਾਈਜ (8ਵੀਂ,10ਵੀ,ਅਤੇ 12ਵੀਂ) ਭਰ ਕੇ ਦਫਤਰ ਦੀ ਈ-ਮੇਲ ਆਈ ਡੀ ਤੇ ਤੁਰੰਤ

Scanned with OKEN Scanner

ਮਿਤੀ 17-03-2026ਤੱਕ ਭੇਜਿਆ ਜਾਵੇ ਅਤੇ 8ਵੀਂ ਜਮਾਤ ਦੇ ਅੰਤਰ -ਜਿਲ੍ਹਾ ਸਕੂਲ ਖੇਡਾਂ ਦੇ ਜੇਤੂ ਖਿਡਾਰੀਆਂ ਦਾ ਡਾਟਾ ਮਿਤੀ 22-03-2026 ਤੱਕ ਜਿਲ੍ਹਾ ਪੱਧਰ ਤੇ ਪੋਰਟਲ ਵਿੱਚ ਭਰਨਾ ਯਕੀਨੀ ਬਣਾਇਆ ਜਾਵੇ। ਕਿਉਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 8ਵੀਂ ਜਮਾਤ ਦਾ ਨਤੀਜਾ ਬਹੁਤ ਜਲਦ ਐਲਾਨਿਆ ਜਾ ਰਿਹਾ ਹੈ। ਸਟੇਟ ਅਤੇ ਨੈਸ਼ਨਲ ਸਕੂਲ ਖੇਡਾਂ ਦਾ ਜੇਕਰ ਕੋਈ ਵੀ ਜੇਤੂ ਖਿਡਾਰੀ ਵਾਧੂ ਖੇਡ ਅੰਕਾਂ ਦਾ ਲਾਭ ਲੈਣ ਤੋਂ ਵਾਂਝਾ ਰਹਿੰਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।

ਨੋਟ:- ਉਪਰੋਕਤ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਖਿਡਾਰੀਆਂ ਦਾ ਡਾਟਾ ਸਕੂਲ ਸਿੱਖਿਆ ਵਿਭਾਗ ਵਲੋਂ ਕਰਵਾਈਆਂ ਗਈਆਂ 69ਵੀਆਂ ਸਕੂਲ ਖੇਡਾਂ ਅਤੇ SGFI ਵਲੋਂ ਕਰਵਾਈਆਂ ਗਈਆਂ 69ਵੀਆਂ ਨੈਸ਼ਨਲ ਸਕੂਲ ਖੇਡਾਂ ਦਾ ਹੀ ਹੋਣਾ ਚਾਹੀਦਾ ਹੈ।

ਡਿਪਟੀ ਡਾਇਰੈਕਟਰ (ਫਿਜੀ.ਐਜੂ)

ਪਿੱਠ ਅੰਕਣ ਉਕਤ

ਮਿਤੀ ਐਸ.ਏ.ਐਸ ਨਗਰ:- 16-03-2026

ਉਤਾਰਾ ਜਿਲਾ ਸਪੋਰਟਸ ਕੋਆਡੀਨੇਟਰ ਅਤੇ ਡੀ.ਐਮਜ਼ ਸਪੋਰਟਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅੰਤਰ ਜਿਲਾ ਸਕੂਲ ਖੇਡਾਂ ਦੇ ਜੇਤੂ ਖਿਡਾਰੀਆਂ ਦੀ ਸੂਚਨਾਂ ਸਮੇਂ ਸਿਰ ਪੋਰਟਲ ਤੇ ਭਰੀ ਜਾਵੇ ਅਤੇ ਨੈਸ਼ਨਲ ਖੇਡਾਂ ਦੇ ਜੇਤੂ ਖਿਡਾਰੀਆਂ ਦੀ ਸੂਚਨਾਂ ਸਮੇਂ ਸਿਰ ਮੁੱਖ ਦਫਤਰ ਨੂੰ ਭੇਜੀ ਜਾਵੇ। ਦੇਰੀ ਹੋਣ ਦੀ ਸੂਰਤ ਵਿੱਚ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਡਿਪਟੀ ਡਾਇਰੈਕਟਰ (ਫਿਜੀ.ਐਜੂ)

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਬਠਿੰਡਾ**

ਮਿਤੀ :- 18-03-2026

ਪੱਤਰ ਨੰਬਰ:- ਜਿਲ੍ਹਾ ਸਪੋਰਟਸ ਕੌਆਰਡੀਨੇਟਰ/ 832

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜਿਹਨਾਂ ਸਕੂਲ ਨੇ 69ਵੀਆਂ ਅੰਤਰ ਜਿਲ੍ਹਾ ਸਕੂਲ ਕੇਡਾਂ ਵਿੱਚ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਅੱਠਵੀਂ, ਦਸਵੀ, ਅਤੇ ਬਾਂਰਵੀਂ ਕਲਾਸ ਦੇ ਵਿਦਿਆਰਥੀਆਂ ਦੇ ਵੇਰਵੇ ਖੇਡ ਗ੍ਰੇਸ ਅੰਕ ਲਈ ਹੁਣ ਤੱਕ ਨਹੀਂ ਭੇਜੇ ਉਹ ਸਕੂਲ ਅੱਜ ਹੀ ਮਿਤੀ 18-03-2025 ਤੱਕ ਤੱਕ ਵੇਰਵੇ ਭੇਜਣੇ ਯਕੀਨੀ ਬਣਾਏ ਜਾਣ। ਜੇਕਰ ਕੋਈ ਵਿਦਿਆਰਥੀ ਗ੍ਰੇਸ ਅੰਕਾਂ ਦਾ ਲਾਭ ਲੈਣ ਤੋਂ ਰਹਿ ਜਾਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

18/03/26

ਉਪ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ)
ਬਠਿੰਡਾ

Scanned with OKEN Scanner